ਜਾਦੂ ਟੂਣੇ ਦੀ ਕਾਟ 1-604-961-6635
ਲੀਗਲ ਸੇਵਾਵਾਂ 905-913-2355
ਦੰਦਾਂ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਕੀ ਹੈ ਅਨੰਤ ਅੰਬਾਨੀ ਦਾ ਵੰਤਾਰਾ ਪ੍ਰੋਜੈਕਟ ?

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਪੁੱਤਰ ਨੇ ਗੁਜਰਾਤ ਦੇ ਜਾਮਨਗਰ 'ਚ ਇੱਕ ਜੰਗਲੀ ਜੀਵ ਸੰਭਾਲ, ਬਚਾਅ ਅਤੇ ਪੁਨਰਵਾਸ ਕੇਂਦਰ ਵੰਤਾਰਾ ਦਾ ਦੌਰਾ ਕੀਤਾ। ਸੂਤਰਾਂ ਦਾ ਕਹਿਣਾ ਹੈ ਕਿ ਡੌਨਲਡ ਟਰੰਪ ਜੂਨੀਅਰ ਅੰਬਾਨੀ ਪਰਿਵਾਰ ਦੇ ਸੱਦੇ 'ਤੇ ਵੰਤਾਰਾ ਆਏ ਸਨ। ਟਰੰਪ ਜੂਨੀਅਰ ਨੇ ਰਿਲਾਇੰਸ ਇੰਡਸਟਰੀਜ਼ ਦੇ ਡਾਇਰੈਕਟਰ ਅਨੰਤ ਅੰਬਾਨੀ ਨਾਲ ਵੰਤਾਰਾ ਦਾ ਦੌਰਾ ਕੀਤਾ ਅਤੇ ਖੇਤਰ ਦੇ ਕੁਝ ਮੰਦਰਾਂ ਦਾ ਵੀ ਦੌਰਾ ਕੀਤਾ। ਇਸ ਤੋਂ ਪਹਿਲਾਂ ਦਿਨ 'ਚ ਡੌਨਲਡ ਟਰੰਪ ਜੂਨੀਅਰ ਨੇ ਉੱਤਰ ਪ੍ਰਦੇਸ਼ ਦੇ ਆਗਰਾ 'ਚ ਤਾਜ ਮਹਿਲ ਦਾ ਦੌਰਾ ਕੀਤਾ।

ਵੰਤਾਰਾ ਦਾ ਦੌਰਾ ਕਰਦੇ ਹੋਏ ਡੌਨਲਡ ਟਰੰਪ ਜੂਨੀਅਰ ਨੇ ਵੰਤਾਰਾ ਦੀ ਜਾਨਵਰਾਂ ਦੀ ਸੰਭਾਲ ਪ੍ਰਤੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਵੰਤਾਰਾ ਦੇ ਜਾਨਵਰ ਉਸ ਨਾਲੋਂ ਬਿਹਤਰ ਜ਼ਿੰਦਗੀ ਜੀਉਂਦੇ ਹਨ।

ਵੰਤਾਰਾ ਕੀ ਹੈ ? ਵੰਤਾਰਾ ਗੁਜਰਾਤ ਦੇ ਜਾਮਨਗਰ 'ਚ ਇੱਕ ਵੱਡੇ ਜਾਨਵਰ ਭਲਾਈ ਪ੍ਰੋਜੈਕਟ ਦਾ ਨਾਮ ਹੈ। ਰਿਲਾਇੰਸ ਫ਼ਾਊਂਡੇਸ਼ਨ ਦਾ ਵਿਸ਼ਾਲ ਜੰਗਲੀ ਜੀਵ ਸੰਭਾਲ ਕੇਂਦਰ, ਜਿਸ ਦਾ ਪ੍ਰਬੰਧਨ ਅਨੰਤ ਅੰਬਾਨੀ ਦੁਆਰਾ ਕੀਤਾ ਜਾਂਦਾ ਹੈ, 3,500 ਏਕੜ 'ਚ ਫ਼ੈਲਿਆ ਹੋਇਆ ਦੁਨੀਆਂ ਦਾ ਸਭ ਤੋਂ ਵੱਡਾ ਜੰਗਲੀ ਜੀਵ ਸੰਭਾਲ ਕੇਂਦਰ ਹੈ। ਇਸ 'ਚ 150,000 ਤੋਂ ਵੱਧ ਜਾਨਵਰ ਰਹਿੰਦੇ ਹਨ। ਇਹ ਕੇਂਦਰ ਕਿਸੇ ਪੰਜ-ਸਿਤਾਰਾ ਰੀਜ਼ੌਰਟ ਤੋਂ ਘੱਟ ਨਹੀਂ ਹੈ ਜਿਸ 'ਚ ਹਾਥੀ, ਸ਼ੇਰ, ਚੀਤੇ, ਹਿਰਨ, ਕੱਛੂ, ਘੋੜੇ ਅਤੇ ਸੈਂਕੜੇ ਦੁਰਲੱਭ ਪ੍ਰਜਾਤੀਆਂ ਰਹਿੰਦੀਆਂ ਹਨ।

ਕਿੰਨਾ ਖ਼ਰਚਾ ਆਉਂਦਾ ਹੈ ਵੰਤਾਰਾ 'ਤੇ ਸਾਲਾਨਾ ? ਕਈ ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਵੰਤਾਰਾ ਦੇ ਜਾਨਵਰਾਂ ਦੀ ਦੇਖਭਾਲ ਲਈ ਸਾਲਾਨਾ 150 ਤੋਂ 200 ਕਰੋੜ ਰੁਪਏ ਦੇ ਵਿਚਕਾਰ ਖ਼ਰਚਾ ਆਉਂਦਾ ਹੈ। ਵੰਤਾਰਾ ਜਾਨਵਰਾਂ ਨੂੰ ਇੱਕ ਵਿਸ਼ੇਸ਼ ਖੁਰਾਕ ਯੋਜਨਾ, ਅੰਤਰਰਾਸ਼ਟਰੀ ਪਸ਼ੂਆਂ ਦੇ ਡਾਕਟਰਾਂ ਦੀ ਇੱਕ ਟੀਮ, ਇੱਕ ਏਅਰ-ਕੱਡੀਸ਼ਨਡ ਮੈਡੀਕਲ ਯੂਨਿਟ ਅਤੇ ਇੱਕ ਆਧੁਨਿਕ ਪੁਨਰਵਾਸ ਕੇਂਦਰ ਪ੍ਰਦਾਨ ਕਰਦਾ ਹੈ। ਇਹ ਕੇਂਦਰ ਨਾ ਸਿਰਫ਼ ਇਲਾਜ ਪ੍ਰਦਾਨ ਕਰਦਾ ਹੈ ਬਲਕਿ ਉਨ੍ਹਾਂ ਨੂੰ ਉਹ ਆਜ਼ਾਦੀ ਵੀ ਦਿੰਦਾ ਹੈ ਜੋ ਉਹ ਕਦੇ ਜੰਗਲ 'ਚ ਮਾਣਦੇ ਸਨ। ਕੇਂਦਰ ਨੇ ਅਫ਼ਰੀਕਾ, ਥਾਇਲੈਂਡ ਅਤੇ ਸੱਯੁਕਤ ਰਾਜ ਅਮਰੀਕਾ ਸਮੇਤ ਕਈ ਦੇਸ਼ਾਂ ਦੇ ਜਾਨਵਰਾਂ ਨੂੰ ਬਚਾਇਆ ਅਤੇ ਪਨਾਹ ਦਿੱਤੀ ਹੈ।

ਅਨੰਤ ਅੰਬਾਨੀ ਵੰਤਾਰਾ ਦਾ ਪ੍ਰਬੰਧਨ ਕਿਵੇਂ ਕਰਦੇ ਹਨ ? ਅਨੰਤ ਅੰਬਾਨੀ ਕਈ ਤਰੀਕਿਆਂ ਨਾਲ ਵੰਤਾਰਾ ਦਾ ਪ੍ਰਬੰਧਨ ਕਰਦੇ ਹਨ। ਉਹ ਇਸ ਪ੍ਰੋਜੈਕਟ 'ਚ ਬਹੁਤ ਸਰਗਰਮ ਹਨ। ਹਰ ਫ਼ੈਸਲੇ 'ਚ ਸਿੱਧੇ ਤੌਰ 'ਤੇ ਸ਼ਾਮਿਲ ਹਨ। ਇਹ ਇੱਕ ਨਿੱਜੀ, ਗ਼ੈਰ-ਮੁਨਾਫ਼ਾ ਪ੍ਰੋਜੈਕਟ ਹੈ ਜੋ ਜਾਨਵਰਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦੇ ਨਾਲ ਉੱਨਤ ਤਕਨਾਲੋਜੀ ਨੂੰ ਜੋੜਦਾ ਹੈ ਜਿਸ ਦਾ ਉਦੇਸ਼ ਇੱਕ ਸੰਭਾਲ ਮਾਡਲ ਬਣਾਉਣਾ ਹੈ ਜੋ ਗਾਈਡਡ ਟੂਰ ਰਾਹੀਂ ਖੋਜ, ਭਾਈਚਾਰਕ ਸ਼ਮੂਲੀਅਤ ਅਤੇ ਜਨਤਕ ਸਿੱਖਿਆ ਨੂੰ ਸ਼ਾਮਿਲ ਕਰਦਾ ਹੈ। ਜਾਨਵਰਾਂ ਨਾਲ ਆਪਣੇ ਡੂੰਘੇ ਸਬੰਧ ਦੇ ਕਾਰਨ ਅਨੰਤ ਅੰਬਾਨੀ ਆਪਣਾ ਨਿੱਜੀ ਸਮਾਂ ਕੇਂਦਰ ਨੂੰ ਸਮਰਪਿਤ ਕਰਦੇ ਹਨ।

ਰੂਸ ਨੇ ਬ੍ਰਿਟਿਸ਼ ਰੌਇਲ ਏਅਰ ਫ਼ੋਰਸ ਪਾਇਲਟਾਂ ਨੂੰ ਲੇਜ਼ਰ ਨਾਲ ਬਣਾਇਆ ਨਿਸ਼ਾਨਾ

ਲੰਡਨ: ਇੱਕ ਪਾਸੇ ਰੂਸ ਦੀ ਯੂਕ੍ਰੇਨ ਨਾਲ ਜੰਗ ਰੁਕਣ ਦਾ ਨਾਂ ਨਹੀਂ ਲੈ ਰਹੀ, ਦੂਜੇ ਪਾਸੇ ਉਸ ਦੇ ਯੌਰਪੀ ਦੇਸ਼ਾਂ ਨਾਲ ਵੀ ਰਿਸ਼ਤੇ ਤਨਾਅਪੂਰਣ ਹੁੰਦੇ ਜਾ ਰਹੇ ਹਨ। ਇਸੇ ਦੌਰਾਨ ਬ੍ਰਿਟੇਨ ਨੇ ਰੂਸ 'ਤੇ ਸਮੁੰਦਰ ਨੇੜੇ ਨਿਗਰਾਨੀ ਕਰ ਰਹੇ ਰੌਇਲ ਏਅਰ ਫ਼ੋਰਸ ਦੇ ਪਾਇਲਟਾਂ 'ਤੇ ਲੇਜ਼ਰਾਂ ਦੀ ਵਰਤੋਂ ਕਰਨ ਦਾ ਇਲਜ਼ਾਮ ਲਗਾਇਆ ਹੈ।

ਬ੍ਰਿਟੇਨ ਦੇ ਰੱਖਿਆ ਸਕੱਤਰ ਜੌਨ ਹੀਲੀ ਨੇ ਇਸ ਕਾਰਵਾਈ ਨੂੰ ਖ਼ਤਰਨਾਕ ਦੱਸਿਆ ਹੈ ਅਤੇ ਕਿਹਾ ਕਿ ਸਰਕਾਰ ਇਸ ਘਟਨਾ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀ ਹੈ। ਹੀਲੀ ਨੇ ਪੁਸ਼ਟੀ ਕੀਤੀ ਕਿ ਇਹ ਘਟਨਾ ਪਿਛਲੇ ਕੁੱਝ ਹਫ਼ਤਿਆਂ ਦੌਰਾਨ ਵਾਪਰੀ ਜਦੋਂ ਰੂਸੀ ਜਹਾਜ਼ ਉਤਰੀ ਸਕੌਟਲੈਂਡ ਦੇ ਨੇੜੇ ਬ੍ਰਿਟਿਸ਼ ਪਾਣੀਆਂ 'ਚ ਦਾਖ਼ਲ ਹੋਇਆ ਸੀ। ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਪੱਸ਼ਟ ਸੰਦੇਸ਼ ਦਿੱਤਾ, "ਅਸੀਂ ਤੁਹਾਨੂੰ ਦੇਖ ਰਹੇ ਹਾਂ।

ਅਸੀਂ ਜਾਣਦੇ ਹਾਂ ਕਿ ਤੁਸੀਂ ਕੀ ਕਰ ਰਹੇ ਹੋ ਅਤੇ ਜੇਕਰ ਯਾਂਤਾਰ ਇਸ ਹਫ਼ਤੇ ਦੱਖਣ ਵੱਲ ਜਾਂਦਾ ਹੈ ਤਾਂ ਅਸੀਂ ਤਿਆਰ ਹਾਂ।"

ਜ਼ਿਕਰਯੋਗ ਹੈ ਕਿ ਯਾਂਤਾਰ ਇੱਕ ਖੋਜੀ ਜਹਾਜ਼ ਵਜੋਂ ਦੱਸਿਆ ਜਾਂਦਾ ਹੈ, ਪਰ ਪੱਛਮੀ ਦੇਸ਼ਾਂ ਨੂੰ ਸ਼ੱਕ ਹੈ ਕਿ ਇਹ ਸਮੁੰਦਰ ਅੰਦਰਲੇ ਕੇਬਲਾਂ ਦੀ ਮੈਪਿੰਗ ਕਰ ਰਿਹਾ ਹੈ। ਹੀਲੀ ਨੇ ਕਿਹਾ ਕਿ ਜਹਾਜ਼ ਰੂਸ ਦੇ ਚੀਫ਼ ਡਾਇਰੈਕਟੋਰੇਟ ਫ਼ੌਰ ਡੀਪ ਸੀਅ ਰੀਸਰਚ ਦਾ ਹਿੱਸਾ ਹੈ ਜਿਸ ਨੂੰ ਸ਼ਾਂਤੀ ਕਾਲ 'ਚ ਨਿਗਰਾਨੀ ਅਤੇ ਸੰਘਰਸ਼ ਦੌਰਾਨ ਤੋੜ-ਫੋੜ ਲਈ ਤਿਆਰ ਕੀਤਾ ਗਿਆ ਹੈ।

ਰੱਖਿਆ ਸਕੱਤਰ ਨੇ ਇਹ ਵੀ ਦੱਸਿਆ ਕਿ ਲੇਜ਼ਰ ਇਸਤੇਮਾਲ ਹੋਣ ਤੋਂ ਬਾਅਦ ਉਨ੍ਹਾਂ ਨੇ ਰੌਇਲ ਨੇਵੀ ਦੇ ਰੂਲਜ਼ ਔਫ਼ ਐਂਗੇਜਮੈਂਟ ਬਦਲ ਦਿੱਤੇ ਹਨ ਤਾਂ ਜੋ ਜਹਾਜ਼ ਨੂੰ UK ਦੇ ਵਿਆਪਕ ਪਾਣੀਆਂ 'ਚ ਹੋਰ ਨੇੜਿਓਂ ਟਰੈਕ ਕੀਤਾ ਜਾ ਸਕੇ। ਹੀਲੀ ਨੇ ਚੇਤਾਵਨੀ ਦਿੱਤੀ ਕਿ ਜੇ ਯਾਂਤਾਰ ਦੁਬਾਰਾ ਅਜਿਹੀ ਕੋਈ ਹਰਕਤ ਕਰਦਾ ਹੈ ਤਾਂ ਬ੍ਰਿਟੇਨ ਕੋਲ ਫ਼ੌਜੀ ਵਿਕਲਪ ਤਿਆਰ ਹਨ।

ਇਸ ਦੌਰਾਨ ਲੰਡਨ 'ਚ ਰੂਸੀ ਦੂਤਾਵਾਸ ਨੇ ਇਨ੍ਹਾਂ ਦਾਅਵਿਆਂ ਨੂੰ ਭੜਕਾਊ ਅਤੇ ਰੂਸੋਫ਼ੋਬਿਕ ਕਹਿ ਕੇ ਖ਼ਾਰਿਜ ਕਰ ਦਿੱਤਾ ਹੈ। ਰੂਸ ਨੇ ਕਿਹਾ ਕਿ ਉਸ ਨੂੰ ਬ੍ਰਿਟਿਸ਼ ਅੰਡਰਵਾਟਰ ਕਮਿਊਨੀਕੇਸ਼ਨ 'ਚ ਕੋਈ ਦਿਲਚਸਪੀ ਨਹੀਂ, ਅਤੇ ਉਹ ਲੰਡਨ ਨੂੰ ਤਨਾਅ ਵਧਾਉਣ ਵਾਲੇ ਕਦਮਾਂ ਤੋਂ ਗ਼ੁਰੇਜ਼ ਕਰਨ ਲਈ ਕਹਿੰਦਾ ਹੈ।

Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam

ਆਸਟ੍ਰੇਲੀਆ-ਕੈਨੇਡਾ ਨਾਲ ਤਕਨੀਕ ਭਾਈਵਾਲੀ ਦਾ ਐਲਾਨ

ਕੇਪ ਟਾਊਨ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਖਣੀ ਅਫ਼ਰੀਕਾ ਦੇ ਜੋਹੈਨਸਬਰਗ 'ਚ G-7 ਸਿਖਰ ਸੰਮੇਲਨ ਦੌਰਾਨ ਆਸਟ੍ਰੇਲੀਆ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀਆਂ ਨਾਲ ਬੈਠਕ ਤੋਂ ਬਾਅਦ ਇੱਕ ਨਵੀਂ ਤਿੰਨ ਧਿਰੀ ਤਕਨੀਕ ਤੇ ਨਵੀਨੀਕਰਨ ਭਾਈਵਾਲੀ ਦਾ ਐਲਾਨ ਕੀਤਾ। ਮੋਦੀ ਨੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਨਥਨੀ ਅਲਬਨੀਜ਼ੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ ਮੰਚ 'ਤੇ ਇੱਕ ਪੋਸਟ 'ਚ ਕਿਹਾ, "ਸਾਨੂੰ ਅੱਜ ਆਸਟ੍ਰੇਲੀਆ-ਕੈਨੇਡਾ-ਭਾਰਤ ਤਕਨੀਕ ਤੇ ਨਵੀਨੀਕਰਨ (ACITI) ਭਾਈਵਾਲੀ ਦਾ ਐਲਾਨ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ। ਇਹ ਪਹਿਲ ਉਭਰਦੀਆਂ ਤਕਨੀਕਾਂ 'ਚ ਤਿੰਨ ਮਹਾਂਦੀਪਾਂ ਅਤੇ ਤਿੰਨ ਮਹਾਂਸਾਗਰਾਂ 'ਚ ਫ਼ੈਲੇ ਜਮਹੂਰੀ ਭਾਈਵਾਲਾਂ ਦਰਮਿਆਨ ਸਹਿਯੋਗ ਨੂੰ ਹੋਰ ਵਧਾਏਗੀ, ਨਾਲ ਹੀ ਸਪਲਾਈ ਲੜੀਆਂ 'ਚ ਵੰਨ-ਸੁਵੰਨਤਾ, ਸਵੱਛ ਊਰਜਾ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦੀ ਵੱਡੇ ਪੱਧਰ 'ਤੇ ਵਰਤੋਂ 'ਚ ਮਦਦਗਾਰ ਸਾਬਿਤ ਹੋਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਮੁਲਾਕਾਤ ਤੋਂ ਇਲਾਵਾ ਬ੍ਰਿਟਿਸ਼ ਹਮਅਹੁਦਾ ਕੀਰ ਸਟਾਰਮਰ ਅਤੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟਾਰੇਜ਼ ਨਾਲ ਵੀ ਬੈਠਕ ਕੀਤੀ।

Olympic Athelete ਤੋਂ ਬਣਿਆ Drug Kingpin

ਟੋਰੌਂਟੋ: US ਨੇ ਸਾਬਕਾ ਕੈਨੇਡੀਅਨ Olympic Athelete ਤੋਂ ਡਰੱਗ ਕਿੰਗਪਿਨ ਬਣੇ ਰਾਯਨ ਵੈੱਡਿੰਗ ਦੀ ਗ੍ਰਿਫ਼ਤਾਰੀ 'ਤੇ ਇਨਾਮ 10 ਮਿਲੀਅਨ ਡਾਲਰ ਤੋਂ ਵਧਾ ਕੇ 15 ਮਿਲੀਅਨ ਡਾਲਰ ਕਰ ਦਿੱਤਾ ਹੈ। ਵੈੱਡਿੰਗ ਨਾਲ ਜੁੜੇ ਇਸ ਮਾਮਲੇ 'ਚ ਔਪ੍ਰੇਸ਼ਨ ਜੁਆਇੰਟ ਸਲੈਲਮ ਦੇ ਹਿੱਸੇ ਵਜੋਂ ਕੈਨੇਡਾ 'ਚ ਸੱਤ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੈੱਡਿੰਗ 'ਤੇ ਇੱਕ ਬਿਲੀਅਨ ਡਾਲਰ ਦੀ ਡਰੱਗ ਸਮੱਗਲਿੰਗ, ਸਿਨਾਲੋਆ ਕਾਰਟੈੱਲ ਨਾਲ ਗੱਠਜੋੜ ਅਤੇ ਗਵਾਹ ਦੇ ਕਤਲ ਦਾ ਦੋਸ਼ ਹੈ। ਕੈਲੇਫ਼ੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਦੇ ਸਹਾਇਕ ਅਟਰਨੀ ਬਿਲਾਲ ਏ. ਇਸੇਲੀ ਨੇ ਕਿਹਾ ਕਿ ਨਵੀਂ US ਫ਼ੈਡਰਲ ਚਾਰਜਸ਼ੀਟ ਵਿੱਚ ਹੁਣ 15 ਲੋਕਾਂ 'ਤੇ ਦੋਸ਼ ਲਾਇਆ ਗਿਆ ਹੈ।

ਕੈਨੇਡਾ ਦਾ ਮੰਨਿਆ-ਪ੍ਰਮੰਨਿਆ ਡੀਫ਼ੈਂਸ ਲਾਇਰ ਵੀ ਗ੍ਰਿਫ਼ਤਾਰ: US ਅਤੇ Canada ਦੇ ਟੌਪ ਲਾਅ ਐਨਫ਼ੋਰਸਮੈਂਟ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਸੱਤ ਦੋਸ਼ੀਆਂ 'ਚ ਕੈਨੇਡਾ ਦੇ ਮੰਨੇ-ਪ੍ਰਮੰਨੇ ਡਿਫ਼ੈਂਸ ਲਾਇਰ ਦੀਪਕ ਪਰਾਡਕਰ ਵੀ ਸ਼ਾਮਿਲ ਹਨ। ਪਰਾਡਕਰ 'ਤੇ ਅਮਰੀਕਾ 'ਚ ਇੱਕ ਗਵਾਹ ਦੇ ਕਤਲ ਦੀ ਸਾਜ਼ਿਸ਼ ਰਚਣ 'ਚ ਮਦਦ ਕਰਨ ਦਾ ਦੋਸ਼ ਲਾਇਆ ਗਿਆ ਹੈ। ਉਸ 'ਤੇ ਦੋਸ਼ ਹੈ ਕਿ ਉਸ ਨੇ ਆਪਣੇ ਮੁਵੱਕਿਲ ਸਾਬਕਾ ਕੈਨੇਡੀਅਨ Olympic Athelete ਤੋਂ ਡਰੱਗ ਲੌਰਡ ਬਣੇ ਰਾਯਨ ਵੈੱਡਿੰਗ ਨੂੰ ਸਲਾਹ ਦਿੱਤੀ ਸੀ ਕਿ ਜੇ ਉਹ ਇੱਕ ਮੁੱਖ FBI ਦੇ ਗਵਾਹ ਦਾ ਕਤਲ ਕਰਦਾ ਹੈ ਤਾਂ ਉਸ ਵਿਰੁੱਧ ਕੇਸ ਖ਼ਾਰਿਜ ਕੀਤਾ ਜਾ ਸਕਦਾ ਹੈ। ਰਿਪੋਰਟ ਅਨੁਸਾਰ FBI ਦੇ ਗਵਾਹ ਦਾ ਨਾਂ ਜੌਨੇਥਨ ਇਸੇਬੇਡੋ-ਗਾਰਸੀਆ ਸੀ। ਉਸ ਨੂੰ ਇਸ ਸਾਲ ਜਨਵਰੀ 'ਚ ਕੋਲੰਬੀਆ ਦੇ ਮੈਡੇਲਿਨ ਸ਼ਹਿਰ 'ਚ ਇੱਕ ਰੈਸਟੋਰੈਂਟ 'ਚ ਸਿਰ 'ਚ ਪੰਜ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਪਰਾਡਕਰ, ਜੋ ਸੋਸ਼ਲ ਮੀਡੀਆ 'ਤੇ ਕੋਕੇਨ ਲਾਇਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ, 'ਤੇ ਨਿਆਂ 'ਚ ਰੁਕਾਵਟ ਪਾਉਣ, ਗਵਾਹਾਂ ਨਾਲ ਛੇੜਛਾੜ ਕਰਨ ਅਤੇ ਕਤਲ ਲਈ ਉਕਸਾਉਣ ਸਮੇਤ ਕਈ ਗੰਭੀਰ ਦੋਸ਼ ਲਾਏ ਗਏ ਹਨ।

ਕਿਵੇਂ ਬਣਿਆ ਡਰੱਗ ਮਾਫ਼ੀਆ: ਇਹ ਪੂਰਾ ਮਾਮਲਾ ਸਾਬਕਾ ਕੈਨੇਡੀਅਨ ਓਲੰਪਿਕ ਐਥਲੀਟ ਰਾਯਨ ਵੈੱਡਿੰਗ ਨਾਲ ਜੁੜਿਆ ਹੈ। ਵੈੱਡਿੰਗ FBI ਦੀ Top-10 ਮੋਸਟ ਵਾਂਟੇਡ ਸੂਚੀ 'ਚ ਸ਼ਾਮਿਲ ਹੈ। ਨਸ਼ੇ ਅਤੇ ਲਾਲਚ ਨੇ ਉਸ ਨੂੰ ਇੱਕ ਖ਼ਤਰਨਾਕ ਅਪਰਾਧੀ ਬਣਾ ਦਿੱਤਾ ਹੈ। ਰਾਯਨ ਵੈੱਡਿੰਗ ਨੇ 2002 ਦੇ Olympics 'ਚ ਪੈਰੇਲਲ ਜੁਆਇੰਟ ਸਲੈਲਮ 'ਚ 24ਵਾਂ ਸਥਾਨ ਹਾਸਿਲ ਕੀਤਾ ਸੀ। Olympics 'ਚ ਸਫ਼ਲਤਾ ਹਾਸਿਲ ਕਰਨ ਤੋਂ ਬਾਅਦ ਉਸ ਨੂੰ ਮਾਣ ਅਤੇ ਨਸ਼ੇ ਦਾ ਅਜਿਹਾ ਚਸਕਾ ਲੱਗਾ ਕਿ ਉਹ ਹੌਲੀ-ਹੌਲੀ ਅਪਰਾਧ ਦੀ ਦੁਨੀਆਂ 'ਚ ਸ਼ਾਮਿਲ ਹੋ ਗਿਆ। ਕੈਨੇਡਾ 'ਚ ਡਰੱਗਜ਼ ਦੀ ਇੱਕ ਵੱਡੀ ਖੇਪ 'ਤੇ ਕਬਜ਼ਾ ਕਰਨ ਲਈ ਉਸ ਨੇ ਇੱਕੋ ਪਰਿਵਾਰ ਦੇ ਦੋ ਮੈਂਬਰਾਂ ਦਾ ਕਤਲ ਕਰ ਦਿੱਤਾ ਸੀ। ਵੈੱਡਿੰਗ ਅਤੇ ਉਸ ਦੇ ਗਿਰੋਹ ਨੇ ਕੋਲੰਬੀਆ, ਮੈਕਸੀਕੋ, ਦੱਖਣੀ ਕੈਲੇਫ਼ੋਰਨੀਆ ਅਤੇ Canada ਵਿਚਾਲੇ ਡਰੱਗਜ਼ ਲਿਜਾਣ ਲਈ ਲੰਬੀ ਦੂਰੀ ਦੇ ਟਰੱਕਾਂ ਦੀ ਵਰਤੋਂ ਕੀਤੀ ਸੀ। ਉਸ ਨੇ ਹਰ ਸਾਲ ਲਗਭਗ 60 ਟਨ ਕੋਕੇਨ ਦੀ ਸਮੱਗਲਿੰਗ ਕਰਨ ਦਾ ਪ੍ਰਬੰਧ ਕੀਤਾ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700
ਜਾਦੂ ਟੂਣੇ ਦੀ ਕਾਟ 1-604-961-6635
ਦੰਦਾਂ ਦੀ ਦੇਖਭਾਲ 905-450-5600
Security Cameras CCTV Live Monitoring 647-863-9232
ਵਕੀਲ ਦੀ ਲੋੜ ? 905-362-0755
ਸਸਤੀਆਂ ਹਵਾਈ ਟਿਕਟਾਂ 905-595-1700